# ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

[ਦਫਤਰ - ਡੀਨ, ਕਾਲਜ ਵਿਕਾਸ ਕੌਂਸਲ]

ਨੰ. 147 / DCDC

ਮਿਤੀ: 23-06-2026

**ਵੱਲ:**

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ**

**ਸਮੂਹ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਚੇਅਰਮੈਨ ਅਤੇ ਪ੍ਰਿੰਸੀਪਲ ਸਾਹਿਬਾਨ।**

ਪੰਜਾਬ ਰਾਜ ਵਿੱਚਲੇ ਸਮੂਹ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿਖੇ ਅਧਿਆਪਨ ਅਮਲੇ ਅਤੇ ਪ੍ਰਿੰਸੀਪਲਾਂ ਦੀ ਨਿਯੁਕਤੀ ਲਈ ਯੂ.ਜੀ.ਸੀ. ਦੀਆਂ 2018 ਰੈਗੂਲੇਸ਼ਨਜ਼ ਨੂੰ ਅਡਾਪਟ ਕਰਨ ਸਮੇਂ ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ Standard Operating Procedures ਦੇ ਨਾਲ-ਨਾਲ ਫਾਰਮੈਟਸ ਜਾਰੀ ਕੀਤੇ ਗਏ, ਜੋ ਕਿ ਹੇਠ ਲਿਖੇ ਪੱਤਰਾਂ ਰਾਹੀਂ ਸਰਕੂਲੇਟ ਕੀਤੇ ਗਏ:

1. File No. DPIHE-GRT20MISc/46/2023-GRANT-2-DPI-HIGHER EDUCATION ਤਹਿਤ ਡਾਇਰੈਕਟੋਰੇਟ ਉਚੇਰੀ ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ (ਗ੍ਰਾਂਟ-2 ਸ਼ਾਖਾ) ਦੇ ਪੱਤਰ ਨੰ. ਪਿੱਠ ਅੰਕਣ ਨੰ:-6467202/2023/66218 ਮਿਤੀ, ਐਸ.ਏ.ਐਸ. ਨਗਰ 7/3/2023 ਤੇ ਅਧਾਰਿਤ ਹੈ, ਜਿਸ ਰਾਹੀਂ ਸਰਕਾਰ ਦੇ ਮੀਮੋ ਨੰ. HED-EDU10M.L/6/2023-4edu/1/513939/2023 ਮਿਤੀ 20.02.2023 ਦੀ ਕਾਪੀ ਸਮੇਤ ਸਹਿ ਪੱਤਰ ਰਾਜ ਦੇ ਸਮੂਹ ਪ੍ਰਾਈਵੇਟ ਏਡਿਡ ਕਾਲਜਾਂ ਨੂੰ ਭੇਜੀ ਗਈ।
2. File No: HED-EDU10M.L/6/2023-4edu1/513939/2023 ਤਹਿਤ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ (ਸਿੱਖਿਆ-1 ਸ਼ਾਖਾ) ਵੱਲੋਂ ਮਿਤੀ, ਚੰਡੀਗੜ੍ਹ: 20.02.2023 ਨੂੰ, Finalization of template for appointment of Assistant Professors/Associate Professors/Professors and Principals in the Private Aided colleges of State of Punjab as per UGC regulations 2018 ਵਿਸ਼ੇ ਦੇ ਸਬੰਧ ਵਿੱਚ ਜਾਰੀ ਪੱਤਰ, ਜਿਸ ਰਾਹੀਂ ਡਾ. ਜਸਪਾਲ ਸਿੰਘ ਸੰਧੂ, ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਵੱਲੋਂ ਰਾਜ ਦੇ ਸਮੂਹ ਪ੍ਰਾਈਵੇਟ ਏਡਿਡ ਕਾਲਜਾਂ ਵਿੱਚ ਅਸਿਸਟੈਂਟ ਪ੍ਰੋਫੈਸਰਜ਼/ਐਸੋਸੀਏਟ ਪ੍ਰੋਫੈਸਰਜ਼/ਪ੍ਰੋਫੈਸਰਜ਼ ਅਤੇ ਪ੍ਰਿੰਸੀਪਲਜ਼ ਦੀ ਨਿਯੁਕਤੀ ਲਈ ਤਿਆਰ ਕੀਤੇ Standard Operating Procedure/Template ਦਾ ਫਾਰਮੈਟ ਸਾਂਝਾ ਕੀਤਾ ਗਿਆ।

ਉਕਤ ਪੱਤਰ ਹੇਠ ਦਿੱਤੇ URL ਤੋਂ download ਕੀਤੇ ਜਾ ਸਕਦੇ ਹਨ: https://drive.google.com/file/d/1ZX8TiGTkU4Rp5ABH9SV1cAs56DyZ3DFb/view?usp=sharing

Aided posts ਵਿਰੁੱਧ ਨਿਯੁਕਤੀਆਂ ਲਈ ਕਾਰਜ ਕਰਦੇ ਸਮੇਂ ਦਫਤਰ ਦੇ ਧਿਆਨ ਵਿਚ ਆਇਆ ਕਿ ਉਕਤ ਫਾਰਮੈਟਸ ਦੀਆਂ ਕੇਵਲ scanned copies ਹੀ ਉਪਲਬਧ ਹੋਣ ਕਾਰਨ ਉਹਨਾਂ ਵਿਚ rows insert ਕਰਨਾ ਜਾਂ data ਭਰਨਾ ਸੰਭਵ ਨਹੀਂ ਹੁੰਦਾ, ਜਿਸ ਕਾਰਨ ਨਾ ਕੇਵਲ ਕਾਲਜਾਂ ਅਤੇ ਉਮੀਦਵਾਰਾਂ ਨੂੰ ਹੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਬਲਕਿ ਉਪਰੰਤ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿਚ ਫਾਰਮੈਟ ਦੀ ਇਕਸਾਰਤਾ ਨਾ ਹੋਣ ਕਾਰਨ ਸ਼ਾਰਟਲਿਸਟਿੰਗ ਹਿਤ ਬਣਾਈਆਂ ਕਮੇਟੀਆਂ ਨੂੰ ਵੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਇਸ ਸਮੱਸਿਆ ਨੂੰ ਨਜਿੱਠਣ ਲਈ ਅਤੇ ਉਮੀਦਵਾਰਾਂ ਦੀ ਸਹੂਲਤ ਲਈ ਇਹਨਾਂ ਫਾਰਮੈਟਸ ਦੀ Microsoft Word ਵਿਚ editable soft copy ਤਿਆਰ ਕੀਤੀ ਗਈ ਹੈ, ਜੋ ਕਿ ਹੇਠ ਦਿੱਤੇ URL ਤੋਂ ਜਾਂ QR Code ਨੂੰ scan ਕਰ ਕੇ download ਕੀਤੀ ਜਾ ਸਕਦੀ ਹੈ:

**URL:**

https://docs.google.com/document/d/1fMD6WvAlgQ4F2sYU4P3EfTME-TbYHPJ1/edit?usp=sharing&ouid=116332104417374285109&rtpof=true&sd=true

ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਕੀਤੇ Standard Operating Procedures ਅਨੁਸਾਰ ਕਾਰਵਾਈ ਸੁਨਿਸ਼ਚਿਤ ਕਰਨ ਲਈ ਸਮੂਹ ਸੰਬੰਧਤਾਂ ਨੂੰ ਇਸ ਫਾਰਮੈਟ ਦਾ ਇਸਤੇਮਾਲ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

23/06/2026.

**ਡੀਨ, ਕਾਲਜ ਵਿਕਾਸ ਕੌਂਸਲ**